# ਓਅੰ ਸਾਧ ਸਤਿਗੁਰ

## ਪਉੜੀ ॥

ਨਿਮਨ ਅੰਕਤ ਸਤਰਾਂ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦੁਆਰਾ ਗਉੜੀ ਰਾਗ ਵਿਚ ਉਚਾਰਣ ਕੀਤੀ 'ਬਾਵਨ ਅਖਰੀ' ਬਾਣੀ ਦੀਆਂ ਕੁਲ ੫੫ ਪਉੜੀਆਂ ਵਿਚੋਂ ਪਹਿਲੀ 'ਪਉੜੀ' ਹਨ। ਇਸ ਪਉੜੀ ਦੇ ਅਖੀਰ ਤੇ 'ਰਹਾਉ' ਦੀਆਂ ਦੋ ਪੰਕਤੀਆਂ ਆਈਆਂ ਹਨ, ਜੋ ਇਸ ਸ਼ਬਦ ਦਾ ਵੀ ਅਤੇ ਸਮੁਚੀ 'ਬਾਵਨ ਅਖਰੀ' ਬਾਣੀ ਦਾ ਵੀ ਸਾਰ ਹਨ। ਇਹ ਸਮੁਚੀ ਪਉੜੀ ਅਤੇ 'ਬਾਵਨ ਅਖਰੀ' ਬਾਣੀ ਇਨ੍ਹਾਂ ਦੋ ਪੰਕਤੀਆਂ ਦੇ ਦੁਆਲੇ ਘੁੰਮਦੀਆਂ ਹਨ।

ਇਸ ਪਉੜੀ ਵਿਚ ਸ੍ਰੀ ਗੁਰੂ ਅਰਜਨ ਸਾਹਿਬ ਨੇ ਅਤਿਅੰਤ ਗੁਝੇ ਭੇਦ ਵਲ ਇਸ਼ਾਰਾ ਕੀਤਾ ਹੈ, ਜਿਸ ਨੂੰ ਸਮਝਣਾ ਬਿਲਕੁਲ ਵੀ ਸਹਿਜ ਨਹੀਂ, ਸਗੋਂ ਅਤਿਅੰਤ ਕਠਿਨ ਵੀ ਹੈ। ਇਸ ਪਉੜੀ ਵਿਚ ਪ੍ਰਭੂ ਦੀ ਵਡਿਆਈ ਦਸਣ ਦੇ ਨਾਲ ਨਾਲ ਸੰਤ ਜਨਾਂ ਦਾ ਅਸਲਾ ਦਸ ਕੇ ਉਨ੍ਹਾਂ ਦੀ ਸੰਗਤਿ ਦੀ ਵਡਿਆਈ ਦਸੀ ਗਈ ਹੈ ਅਤੇ ਪ੍ਰਭੂ ਅਗੇ ਅਰਦਾਸ ਕੀਤੀ ਗਈ ਹੈ ਕਿ ਉਹ ਕਿਰਪਾ ਕਰਕੇ ਆਪਣੇ ਸੰਤ ਜਨਾਂ ਦੀ ਸੰਗਤਿ ਵੀ ਬਖ਼ਸ਼ੇ ਅਤੇ ਨਾਲ ਹੀ ਇਹ ਵੀ ਕਿਰਪਾ ਕਰੇ ਕਿ ਮਨੁਖ ਦਾ ਮਨ ਪ੍ਰਭੂ ਦੇ ਸੰਤ ਜਨਾਂ ਦੇ ਚਰਨਾਂ ਦੀ ਖ਼ਾਕ ਬਣਿਆਂ ਰਹੇ। ਪਰ ਇਨ੍ਹਾਂ ਪੰਕਤੀਆਂ ਦੀ ਵਿਆਖਿਆ 'ਕਥਨਾ ਕਰੜਾ ਸਾਰੁ' ਹੈ, ਕਰੜਾ ਲੋਹਾ ਚਬਣ ਤੁਲ ਹੈ।

### ਓਅੰ ਸਾਧ ਸਤਿਗੁਰ ਨਮਸਕਾਰੰ ॥ ਆਦਿ ਮਧਿ ਅੰਤਿ ਨਿਰੰਕਾਰੰ ॥

-- 'ਓਅੰ' ਸ਼ਬਦ ਅਕਾਲ ਪੁਰਖ ਦਾ ਲਖਾਇਕ ਹੈ। ਗੁਰੂ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਉਹ ਅਕਾਲ ਪੁਰਖ ਆਪ ਹੀ ਸਾਧੂ ਸਤਿਗੁਰ ਦਾ ਰੂਪ ਵਟਾ ਕੇ ਧਰਤੀ ਤੇ ਵਿਚਰਦਾ ਹੈ ਅਤੇ ਉਸ ਅਕਾਲ ਪੁਰਖ ਅਤੇ ਉਸ ਦੇ ਸਾਧੂ ਸਤਿਗੁਰ ਸਰੂਪ ਨੂੰ ਨਮਸਕਾਰ ਹੈ। ਉਹ ਅਸਲ ਵਿਚ ਨਿਰ-ਆਕਾਰ ਹੈ ਜੋ ਆਦਿ ਵਿਚ ਵੀ, ਮੱਧ ਵਿਚ ਵੀ ਅਤੇ ਅੰਤ ਤੋਂ ਬਾਅਦ ਵੀ ਹੋਂਦਮਈ ਹੁੰਦਾ ਹੈ, ਜੋ ਸਮੇਂ ਸਮੇਂ ਤੇ ਸਾਧੂ ਸਤਿਗੁਰ ਦਾ ਸਰੂਪ ਧਾਰਣ ਕਰਦਾ ਰਹਿੰਦਾ ਹੈ। ਉਸ ਦੀ ਸ੍ਰਿਸ਼ਟੀ ਵਿਚ ਸਾਧੂ ਸਤਿਗੁਰ ਦੀ ਗਿਣਤੀ ਅਨੇਕਾਂ ਵਿਚ ਹੁੰਦੀ ਹੈ।
ਪੰਚਮ ਪਾਤਸ਼ਾਹ ਦਾ ਫ਼ੁਰਮਾਣ ਹੈ ਕਿ ਪ੍ਰਭੂ/ਗੁਰੂ ਅਤੇ ਸੰਤ ਵਿਚ ਕੋਈ ਭੇਦ ਨਹੀਂ ਹੁੰਦਾ - 'ਰਾਮੁ ਸੰਤ ਮਹਿ ਭੇਦ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ॥', ਅੰਕ ੨੦੮. ਹੋਰ ਫ਼ੁਰਮਾਣ ਕਰਦੇ ਹੋਏ ਸਪੱਸ਼ਟ ਕਰਦੇ ਹਨ ਕਿ 'ਓਅੰ' ਹਰੀ ਪ੍ਰਭੂ ਸਤਿ ਹੈ ਸਤਿ ਹੈ ਸਤਿ ਹੈ ਅਤੇ ਸਾਧ ਜਨ ਵੀ ਸਤਿ ਹਨ ਸਤਿ ਹਨ ਸਤਿ ਹਨ - 'ਮਾਈ ਸਤਿ ਸਤਿ ਸਤਿ ਹਰਿ ਸਤਿ ਸਤਿ ਸਤਿ ਸਾਧਾ॥', ਅੰਕ ੩੦੯. ਪਾਤਸ਼ਾਹ ਨੇ ਸੰਤ ਜਨਾਂ ਨੂੰ '**ਪੂਰਨ ਪੁਰਖ ਬਿਧਾਤੇ**' ਵੀ ਕਿਹਾ ਹੈ - 'ਤੁਮ ਹਰਿ ਸੇਤੀ ਰਾਤੇ ਸੰਤਹੁ॥.. ਤੁਮਰਾ ਮਰਮੁ ਤੁਮਾ ਹੀ ਜਾਨਿਆ ਤੁਮ ਪੂਰਨ ਪੁਰਖ ਬਿਧਾਤੇ॥', ਪੰਨਾ ੨੦੯. ਭਗਤ ਕਬੀਰ ਜੀ ਦੇ ਬਚਨ ਹਨ ਕਿ ਸੰਤ ਅਤੇ ਰਾਮ ਅਸਲ ਵਿਚ ਇਕ ਹੀ ਹੁੰਦੇ ਹਨ - 'ਸੰਤਾ ਕਉ ਮਤਿ ਕੋਈ ਨਿੰਦਹੁ ਸੰਤ ਰਾਮੁ ਹੈ ਏਕੋ॥', ਪੰਨਾ ੧੯੩.

'ਓਅੰ' ਪ੍ਰਭੂ ਨੇ ਆਪਣੇ ਅਨੇਕਾਂ ਸਰੂਪ ਸਾਜੇ ਹਨ ਅਤੇ ਸਾਜਦਾ ਹੀ ਰਹਿੰਦਾ ਹੈ, ਜਿਨ੍ਹਾਂ ਨੂੰ ਸਾਧ ਕਿਹਾ ਹੈ। ਚੇਤੇ ਰਹੇ ਕਿ ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਅਤੇ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਨੇ ਅਨੇਕਾਂ ਮੰਜੀਆਂ, ਪੀੜੀਆਂ ਅਤੇ ਮਸਨਦ-ਨਸ਼ੀਂ ਥਾਪੇ ਸਨ ਜੋ ਪਾਤਸ਼ਾਹ ਦੇ ਹੀ ਰੂਪ ਸਨ ਅਤੇ ਉਨ੍ਹਾਂ ਨੂੰ ਆਪਣੀ ਪੂਰੀ ਸ਼ਕਤੀ, ਪ੍ਰਭੂਸੱਤਾ, Sovereignty ਵੀ ਸੌਂਪੀ ਸੀ। ਉਨ੍ਹਾਂ ਨੂੰ ਚਰਨ ਪਾਹੁਲ, ਗੁਰਮੰਤਰ ਦੇਣ ਤਕ ਦਾ ਅਧਿਕਾਰ ਵੀ ਸੌਂਪ ਦਿਤਾ ਸੀ। ਇਸ ਨੂੰ Delegation of Power ਕਹਿੰਦੇ ਹਨ।

### ਆਪਹਿ ਸੁੰਨ ਆਪਹਿ ਸੁਖ ਆਸਨ ॥ ਆਪਹਿ ਸੁਨਤ ਆਪ ਹੀ ਜਾਸਨ ॥

-- ਉਹ 'ਓਅੰ' ਅਕਾਲ ਪੁਰਖ ਅਤੇ ਉਸ ਦੇ ਸਾਧੂ ਆਪ ਹੀ ਸ੍ਰਿਸ਼ਟੀ ਸਾਜਣ ਤੋਂ

ਪਹਿਲਾਂ ਵਾਲੀ ਸੁੰਨ ਅਵਸਥਾ ਵਿਚ ਵੀ ਹੁੰਦੇ ਹਨ ਅਤੇ ਆਪ ਹੀ ਆਸਨ ਜਮਾ ਕੇ ਸੁਖ ਦੇ ਆਸਨ ਵਿਚ, ਨਾਮ ਰਸ ਵਿਚ ਮਤੇ ਰਹਿੰਦੇ ਹਨ। ਉਹ ਆਪ ਹੀ ਜੱਸ ਕਰਦੇ ਹਨ ਅਤੇ ਆਪ ਹੀ ਆਪਣਾ ਜੱਸ ਸੁਣਦੇ ਹਨ। ਜਿਵੇਂ ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ - 'ਓਤਿ ਪੋਤਿ ਜਨ ਹਰਿ ਰਸ ਮਾਤੇ॥ ਸੁੰਨ ਸਮਾਧਿ ਨਾਮ ਰਸ ਮਾਤੇ॥', ਅੰਕ ੨੯੫. ਉਹ 'ਓਅੰ' ਆਪ ਹੀ ਸਰਗੁਨ, ਸਾਧ ਰੂਪ ਵੀ ਹੈ ਅਤੇ ਆਪ ਹੀ ਨਿਰਗੁਨ ਸਰੂਪ ਵਿਚ ਸੁੰਨ ਸਮਾਧੀ ਵਿਚ ਲੀਨ ਹੁੰਦਾ ਹੈ, ਸਭ ਕੁਝ ਨਿਰੰਕਾਰ ਆਪ ਹੀ ਹੈ, ਆਪ ਹੀ ਆਪਣਾ ਜਾਪ ਵੀ ਹੈ - 'ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥ ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥', ਅੰਕ ੨੯੦.

ਭਗਤ ਕਬੀਰ ਜੀ ਨੇ ਆਪਣੀ ਅਤੇ 'ਓਅੰ' ਦੀ ਇਕਰੂਪਤਾ ਬਾਰੇ ਸੁੰਦਰ ਸ਼ਬਦਾਂ ਵਿਚ ਦਸਿਆ ਹੈ ਕਿ ਬਾਕੀ ਪਾਣੀ ਅਤੇ ਸਮੁੰਦਰ ਦਾ ਪਾਣੀ, ਵੇਖਣ ਨੂੰ ਭਾਵੇਂ ਵਖ ਵਖ ਦਿਸਦੇ ਹਨ ਪਰ ਉਹ ਇਕ ਦੂਜੇ ਨਾਲ ਮਿਲ ਕੇ ਇਕਰੂਪ ਹੋ ਜਾਂਦੇ ਹਨ ਅਤੇ ਨਦੀ ਵਿਚ ਉਠੀ ਤਰੰਗ ਵੀ ਪਾਣੀ ਹੀ ਹੁੰਦੀ ਹੈ, ਇਸੇ ਤਰ੍ਹਾਂ ਭਗਤ ਜੀ ਉਸ ਸੁੰਨ ਅਵਸਥਾ ਵਾਲੇ ਪ੍ਰਭੂ 'ਓਅੰ' ਦਾ ਹੀ ਰੂਪ ਹਨ ਅਤੇ ਉਸ ਵਿਚੋਂ ਨਿਕਲੇ ਹੋਣ ਕਰਕੇ ਉਸ ਵਿਚ ਹੀ ਵਾਪਸ ਸਮਾ ਕੇ ਪਵਨ ਵਾਂਙ ਅਦ੍ਰਿਸ਼ ਹੋ ਜਾਣਗੇ ਅਤੇ ਦੁਬਾਰਾ ਸਰੀਰ ਧਾਰਣ ਨਹੀਂ ਕਰਨਗੇ - 'ਉਦਕ ਸਮੁੰਦ ਸਲਲ ਕੀ ਸਾਖਿਆ ਨਦੀ ਤਰੰਗ ਸਮਾਵਹਿਗੇ॥ ਸੁੰਨਹਿ ਸੁੰਨੁ ਮਿਲਿਆ ਸਮਦਰਸੀ ਪਵਨ ਰੂਪ ਹੋਇ ਜਾਵਹਿਗੇ॥.. ਬਹੁਰਿ ਹਮ ਕਾਹੇ ਆਵਹਿਗੇ॥', ਅੰਕ ੧੧੦੩. ਇਹ ਹੂ-ਬ-ਹੂ 'ਓਅੰ' ਅਤੇ 'ਸਾਧ' ਦਾ ਸਮਾਗਮ, ਜਾਂ ਇਕਰੂਪਤਾ ਦਾ ਸਪੱਸ਼ਟ ਪ੍ਰਮਾਣ ਹੈ। ਭਗਤ ਨਾਮਦੇਵ ਜੀ ਨੇ ਵੀ ਇਹੀ ਵਰਤਾਰਾ ਦਰਸਾਇਆ ਹੈ ਜਦੋਂ ਬਚਨ ਕੀਤੇ ਹਨ ਕਿ ਨਾਮਦੇਵ ਤੇ ਨਾਰਾਇਣ ਇਕ ਰੰਗ ਵਿਚ ਰੰਗੇ ਹੋਏ ਹਨ, ਵੇਖਣ ਨੂੰ ਵਖ ਹਨ ਪਰ ਉਸ ਸੁੰਨ ਸਮਾਧਿ ਵਿਚ ਹੀ ਸਮਾ ਜਾਣੇ ਹਨ -'ਨਾਮਾ ਕਹੈ ਚਿਤੁ ਹਰਿ ਸਿਉ ਰਾਤਾ ਸੁੰਨ ਸਮਾਧਿ ਸਮਾਉਗੋ॥', ਪੰਨਾ ੯੭੩.

**ਆਪਨ ਆਪੁ ਆਪਹਿ ਉਪਾਇਓ ॥ ਆਪਹਿ ਬਾਪ ਆਪ ਹੀ ਮਾਇਓ ॥**

-- ਉਹ ਆਪਣੇ ਆਪ ਨੂੰ ਆਪ ਹੀ ਸਰਗੁਨ ਸਰੂਪ ਵਿਚ ਸਾਜਦੇ ਹਨ। ਉਹ ਆਪ ਹੀ ਆਪਣੇ ਪਿਤਾ ਤੇ ਆਪ ਹੀ ਆਪਣੇ ਮਾਤਾ ਵੀ ਹੁੰਦੇ ਹਨ। ਸਪੱਸ਼ਟ ਹੈ ਸੰਤ ਸਾਧੂ ਵੀ ਪਾਰਬ੍ਰਹਮ ਦਾ ਹੀ ਸਰਗੁਨ ਸਰੂਪ ਹੁੰਦੇ ਹਨ। ਉਹ ਵੀ ਖ਼ੁਦ ਹੀ ਆਪਣੇ ਪਿਤਾ ਮਾਤਾ ਹਨ।

ਸਾਨੂੰ ਐਵੇਂ ਹੀ ਪਰਤੀਤ ਹੁੰਦਾ ਹੈ ਕਿ ਉਨ੍ਹਾਂ ਦਾ ਕੋਈ ਪਿਤਾ ਹੈ ਜਾਂ ਕੋਈ ਮਾਤਾ ਹੁੰਦਾ ਹੈ। ਅਸਲ ਵਿਚ ਉਹ ਆਪ ਹੀ ਆਪਣੇ ਆਪ ਨੂੰ ਰੱਚ ਲੈਂਦੇ ਹਨ। ਤਾਂ ਹੀ ਤਾ ਭਗਤ ਕਬੀਰ ਜੀ ਨੇ ਬਚਨ ਕੀਤੇ ਹਨ ਕਿ ਅਜਿਹੇ ਸੰਤ ਭਗਤ ਜਨ, ਜਨਮ ਮਰਨ ਦੇ ਗੇੜ ਵਿਚ ਨਹੀਂ ਹੁੰਦੇ। ਉਹ ਤਾਂ ਪਰਉਪਕਾਰ ਕਰਨ ਹਿਤ ਹੀ ਆਉਂਦੇ ਹਨ - 'ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥', ਅੰਕ ੭੪੯. ਦਸਵੇਂ ਪਾਤਸ਼ਾਹ ਨੇ ਸਪੱਸ਼ਟ ਹੀ ਫ਼ੁਰਮਾਣ ਕੀਤਾ ਹੈ ਕਿ ਉਹ ਭਗਤੀ ਦੇ ਮਾਰਗ ਤੇ ਚਲਣ ਵਾਲਿਆਂ ਦੀ ਰਾਖੀ ਅਤੇ ਦੁਸ਼ਟਾਂ ਦਾ ਨਾਸ ਕਰਨ ਲਈ ਆਏ ਹਨ - 'ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥ ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥੪੩॥', ਬਚਿਤ੍ਰ ਨਾਟਕ। ਭਗਤ ਕਬੀਰ ਜੀ ਨੇ ਗਉੜੀ ਰਾਗ ਦੇ ਇਕ ਸ਼ਬਦ ਵਿਚ ਸੁੰਦਰ ਵਿਵਰਣ ਦਿਤਾ ਹੈ ਕਿ ਸ੍ਰੀ ਕ੍ਰਿਸ਼ਨ ਜੀ ਦਾ ਪਾਲਣ ਵਾਲਾ ਪਿਤਾ, ਕਿਸੇ ਸਮੇਂ, ਚੁਰਾਸੀ ਦੇ ਗੇੜ ਵਿਚ ਘੁੰਮਦਾ ਰਿਹਾ। ਕਿਸੇ ਵਡੇ ਭਾਗਾਂ ਨਾਲ ਸ੍ਰੀ ਕ੍ਰਿਸ਼ਨ ਜੀ, ਸਮੇਂ ਦੇ 'ਓਅੰ' ਦੇ 'ਸਾਧ ਸਤਿਗੁਰ' ਰੂਪ ਉਨ੍ਹਾਂ ਦੇ ਘਰ ਆ ਗਏ, ਹਾਲਾਂਕਿ ਉਨ੍ਹਾਂ ਨੇ ਤਾਂ ਆਪਣੇ ਭਗਤਾਂ ਦੀ ਖ਼ਾਤਰ ਹੀ ਅਵਤਾਰ ਧਾਰਿਆ ਸੀ। ਇਸ ਲਈ, ਦੁਨੀਆਂ ਭਾਵੇਂ ਸ੍ਰੀ ਕ੍ਰਿਸ਼ਨ ਜੀ ਨੂੰ ਨੰਦ ਦਾ ਪੁਤਰ ਕਹੀ ਜਾਏ ਪਰ ਕਬੀਰ ਜੀ ਤਰਕ ਦੇ ਕੇ ਕਹਿੰਦੇ ਹਨ ਕਿ ਇਹ ਮੰਨਣ ਯੋਗ ਨਹੀਂ। ਇਹ ਧਰਤੀ ਅਕਾਸ਼, ਦਸੋ ਦਿਸ਼ਾਵਾਂ ਨਹੀਂ ਸਨ ਤਾਂ

ਇਹ ਨੰਦ ਕਿਥੇ ਸੀ, ਭਾਵ ਉਸ ਦੀ ਹੋਂਦ ਨਹੀਂ ਸੀ ਪਰ 'ਓਅੰ ਸਾਧ ਸਤਿਗੁਰ' ਰੂਪ ਸ੍ਰੀ ਕ੍ਰਿਸ਼ਨ ਜੀ ਤਾਂ ਸਦਾ ਤੋਂ ਹੋਂਦਮਈ ਹਨ ਕਿਉਂਕਿ ਭਗਤ ਕਬੀਰ ਜੀ ਦੇ ਸੁਆਮੀ ਸ੍ਰੀ ਕ੍ਰਿਸ਼ਨ ਜੀ ਤਾਂ ਜੂਨਾਂ ਤੋਂ ਰਹਿਤ ਹਨ, ਇਸ ਸੰਕਟ ਤੋਂ ਪਰ੍ਹਾਂ ਹਨ, ਉਨ੍ਹਾਂ ਦਾ ਕੋਈ ਮਾਤਾ ਪਿਤਾ ਨਹੀਂ - 'ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦੁ ਬਹੁ ਥਾਕੋ ਰੇ॥ ਭਗਤਿ ਹੇਤਿ ਅਵਤਾਰੁ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ॥ ਤੁਮ੍ ਜੁ ਕਹਤ ਹਉ ਨੰਦ ਕੋ ਨੰਦਨੁ ਨੰਦ ਸੁ ਨੰਦਨੁ ਕਾ ਕੋ ਰੇ॥ ਧਰਨਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦੁ ਕਹਾ ਥੋ ਰੇ॥ ਸੰਕਟਿ ਨਹੀਂ ਪਰੈ ਜੋਨਿ ਨਹੀ ਆਵੈ ਨਾਮੁ ਨਿਰੰਜਨ ਜਾ ਕੋ ਰੇ॥ ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ॥', ਅੰਕ ੩੩੮. ਦਸਮ ਪਾਤਸ਼ਾਹ ਨੇ ਵੀ ਗਵਾਹੀ ਭਰੀ ਹੈ ਕਿ ਪ੍ਰਭੂ ਦੇ ਰੂਪ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਸੰਤ ਜਨਾਂ, ਭਗਤਾਂ ਦੀ ਖ਼ਾਤਰ ਪ੍ਰਭੂ ਦੇ ਬਚਨਾਂ ਨਾਲ ਮਥੁਰਾ ਵਿਖੇ ਜਨਮ ਲਿਆ ਸੀ - 'ਕਾਲ ਪੁਰਖ ਕੇ ਬਚਨ ਤੇ  ਸੰਤਨ ਹੇਤ ਸਹਾਇ॥ ਮਥੁਰਾ ਮੰਡਲ ਕੇ ਬਿਖੈ **ਜਨਮੁ ਧਰੋ ਹਰਿ ਰਾਇ**॥', ਚੌਬੀਸ ਅਵਤਾਰ। 'ਓਅੰ ਸਾਧ ਸਤਿਗੁਰ' ਤਾਂ ਥੰਮ ਪਾੜ ਕੇ ਵੀ ਆ ਸਕਦਾ ਹੈ ਜਿਵੇਂ ਗੁਰ-ਜੋਤਿ ਨੇ ਨਰਸਿੰਘ ਦੇ ਰੂਪ ਵਿਚ ਆ ਕੇ ਪ੍ਰਹਿਲਾਦ ਭਗਤ ਦੀ ਰਖਿਆ ਕੀਤੀ, ਜਿਸ ਦਾ ਜ਼ਿਕਰ ਗੁਰਬਾਣੀ ਵਿਚ ਅਨੇਕਾਂ ਵਾਰ ਆਇਆ ਹੈ। ਭੱਟ ਸਾਹਿਬਾਨ ਦੀ ਬਾਣੀ ਅਨੁਸਾਰ ਉਹ ਗੁਰੂ ਨਾਨਕ ਜੋਤਿ ਹੀ ਸੀ। ਸ੍ਰੀ ਗੁਰੂ ਅਮਰਦਾਸ ਸਾਹਿਬ ਨੂੰ ਗੋਬਿੰਦ ਜਾਣ ਕੇ ਜਾਲਪ ਭੱਟ ਜੀ ਬਚਨ ਕਰਦੇ ਹਨ - 'ਅੰਮਰੀਕਿ ਪ੍ਰਹਿਲਾਦਿ ਸਰਣਿ ਗੋਬਿੰਦ ਗਤਿ ਪਾਈ॥', ਅੰਕ ੧੩੯੪. ਭੱਟ ਨਲ੍ ਜੀ  'ਓਅੰ ਸਾਧ ਸਤਿਗੁਰ' ਦੇ ਸਰੂਪ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਸੰਬੋਧਨ ਕਰਦੇ ਹੋਏ ਬਚਨ ਕਰਦੇ ਹਨ ਕਿ ਤੁਸੀਂ ਹੀ ਹਰਨਾਖਸ ਨੂੰ ਹਥਾਂ ਦੇ ਨਹੁੰਆਂ ਨਾਲ ਮਾਰ ਕੇ ਭਗਤ ਪ੍ਰਹਿਲਾਦ ਦੀ ਲਾਜ ਰਖੀ ਸੀ - 'ਜੈਸੀ ਰਾਖੀ ਲਾਜ ਭਗਤ ਪ੍ਰਹਿਲਾਦ ਕੀ ਹਰਨਾਖਸ ਫਾਰੇ ਕਰ ਆਜ॥', ਪੰਨਾ ੧੪੦੦. ਉਹ ਤਾਂ ਹਥ ਵਿਚ ਚਕ੍ਰ ਧਾਰਣ ਕਰ ਕੇ ਸਿਧੇ ਬੈਕੁੰਠ ਤੋਂ ਵੀ ਆ ਸਕਦਾ ਹੈ ਜਿਵੇਂ ਹਾਥੀ ਦੇ ਪ੍ਰਾਣ ਬਚਾਏ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥', ਅੰਕ ੯੮੮.

**ਆਪਹਿ ਸੂਖਮ  ਆਪਹਿ ਅਸਥੂਲਾ ॥ ਲਖੀ ਨ ਜਾਈ  ਨਾਨਕ  ਲੀਲਾ ॥੧॥**

-- ਉਹ ਪ੍ਰਭੂ ਅਤੇ ਉਸ ਦੇ ਸੰਤ, ਸਾਧੂ, ਭਗਤ ਆਪ ਹੀ ਸੂਖਮ ਰੂਪ ਵੀ ਹੁੰਦੇ ਹਨ ਅਤੇ ਸਥੂਲ ਵੀ ਹੁੰਦੇ ਹਨ। ਉਨ੍ਹਾਂ ਦੀ ਅਜਿਹੀ ਲੀਲਾ ਦਾ, ਬੁਧੀ ਦੇ ਖੇਤਰ ਦਾ ਵਿਸ਼ਾ ਨਾ ਹੋਣ ਕਰਕੇ, ਭੇਦ ਨਹੀਂ ਜਾਣਿਆਂ ਜਾ ਸਕਦਾ।

ਜਦੋਂ ਭਗਤ ਨਾਮਦੇਵ ਜੀ ਲਈ ਗਊ ਜਿਵਾਲਣ ਦਾ ਕੰਮ ਸੀ, ਉਹ ਗੁਰ-ਜੋਤਿ ਸਥੂਲ ਰੂਪ ਵਿਚ ਭਗਤ ਜੀ ਕੋਲ ਆਏ ਅਤੇ ਉਨ੍ਹਾਂ ਦਾ ਕੰਮ ਕੀਤਾ। ਬਾਕੀ ਦੁਨੀਆਂ ਲਈ ਉਹ ਸੂਖਮ, ਅਦ੍ਰਿਸ਼ ਹੀ ਸਨ। ਭਗਤ ਧੰਨਾ ਜੀ ਨਾਲ ਵੀ ਅਜਿਹਾ ਹੀ ਵਰਤਾਰਾ ਵਰਤਦਾ ਰਿਹਾ। ਜੁਗਾਂ ਜੁਗਾਂ ਤੋਂ ਇਹ ਵਰਤਾਰਾ ਵਰਤਦਾ ਆ ਰਿਹਾ ਹੈ। ਭਗਤ ਨਾਮਦੇਵ ਜੀ ਉਸਦਾ ਸਥੂਲ ਸਰੂਪ ਇਉਂ ਬਿਆਨ ਕਰਦੇ ਹਨ - 'ਸੰਖ ਚਕ੍ਰ ਮਾਲਾ ਤਿਲਕੁ ਬਿਰਾਜਿਤ  ਦੇਖਿ ਪ੍ਰਤਾਪੁ ਜਮੁ ਡਰਿਓ॥', ਅੰਕ ੧੧੦੫. ਇਕ ਥਾਈਂ ਹੋਰ ਬਿਆਨ ਕਰਦੇ ਹਨ - 'ਕਰ ਧਰੇ ਚਕ੍ਰ ਬੈਕੁੰਠ ਤੇ ਆਏ  ਗਜ ਹਸਤੀ ਕੇ ਪ੍ਰਾਨ ਉਧਾਰੀਅਲੇ॥', ਪੰਨਾ ੯੮੮. ਇਸੇ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ ਸਥੂਲ ਹੁੰਦੇ ਹੋਏ ਸੂਖਮ ਵੀ ਸਨ ਜਦੋਂ ਰਾਜ ਸਭਾ ਵਿਚ ਉਨ੍ਹਾਂ ਨੇ ਦ੍ਰੋਪਦੀ ਦੀ ਲਾਜ ਰਖੀ - 'ਦੁਹਸਾਸਨ ਕੀ ਸਭਾ ਦ੍ਰੋਪਤੀ ਅੰਬਰ ਲੇਤ ਉਬਾਰੀਅਲੇ॥', ਅੰਕ ੯੮੮. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਔਰੰਗਜ਼ੇਬ ਦੇ ਪਿੰਜਰੇ ਵਿਚ ਵੀ ਸਨ ਹਨ ਆਪਣੇ ਪਿਆਰੇ ਦੇ ਘਰ ਪ੍ਰਸ਼ਾਦਾ ਛਕਦੇ ਵੀ ਵੇਖੇ ਗਏ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਦਾ ਦਾ ਸਪੱਸ਼ਟ ਫ਼ੁਰਮਾਨ ਹੈ ਕਿ  ਇਨ੍ਹਾਂ ਹੀ 'ਓਅੰ' ਰੂਪੀ ਸੰਤ ਜਨਾ ਦੀ ਮਹਿਮਾ ਅਪਰ ਅਪਾਰ ਹੈ ਕੋਈ ਅੰਤ ਨਹੀਂ ਪਾ ਸਕਦਾ - 'ਸੰਤਨ ਕੀ ਮਹਿਮਾ ਕਵਨ ਵਖਾਨਉ॥ ਅਗਾਧਿ ਬੋਧਿ  ਕਿਛੁ ਮਿਤਿ ਨਹੀ

ਜਾਨਉ॥', ਪੰਨਾ ੧੮੧. ਅਗੋਂ ਅੰਕ ੬੧੦ ਤੇ ਤਾਂ ਪੰਚਮ ਪਾਤਸ਼ਾਹ ਨੇ ਗਲ ਹੀ ਸਿਰੇ ਲਗਾ ਦਿਤੀ ਕਿ ਉਸ ਓਅੰ ਦੇ ਰੂਪ ਸੰਤ ਜਨਾਂ ਤੋਂ ਬਿਨਾਂ ਹੋਰ ਕੋਈ ਦਾਤਾ ਨਹੀਂ ਅਤੇ ਜੋ ਕੋਈ ਵੀ ਸਾਧੂ ਦੀ ਸਰਣ ਪੈਂਦਾ ਹੈ ਉਹ ਭਵਜਲ ਸਾਗਰ ਤੋਂ ਪਾਰ ਹੋ ਜਾਂਦਾ ਹੈ – 'ਸੰਤਨ ਬਿਨੁ ਅਵਰੁ ਨ ਦਾਤਾ ਬੀਆ॥ ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥' ਧਿਆਨ ਰਹੇ ਕਿ 'ਸੰਤਨ' ਸ਼ਬਦ ਬਹੁਵਚਨ, plural ਹੈ।

ਕਰਿ ਕਿਰਪਾ ਪ੍ਰਭ ਦੀਨ ਦਇਆਲਾ ॥

ਤੇਰੇ ਸੰਤਨ ਕੀ ਮਨੁ ਹੋਇ ਰਵਾਲਾ ॥ ਰਹਾਉ ॥

– – ਹੇ ਦੀਨਾਂ ਤੇ ਦਇਆ ਕਰਨ ਵਾਲੇ ਪ੍ਰਭੂ, ਅਕਾਲ ਪੁਰਖ ! ਤੂੰ ਸਾਡੇ ਤੇ ਇਹ ਕਿਰਪਾ ਕਰ ਕਿ ਸਾਡਾ ਮਨ ਤੇਰੇ ਹੀ ਅਨੇਕਾਂ ਰੂਪ ਸੰਤ ਜਨਾਂ ਦੇ ਚਰਨਾਂ ਦੀ ਧੂੜ ਬਣਿਆਂ ਰਹੇ। **ਇਥੇ ਸੰਤ ਸ਼ਬਦ ਬਹੁਵਚਨ, plural ਦੇ ਰੂਪ ਵਿਚ ਵਰਤਿਆ ਹੈ, ਜੋ ਇਥੇ ਸਿਰਫ਼ ਗੁਰੂ ਲਈ ਨਹੀਂ ਵਰਤਿਆ, ਬਲਕਿ ਅਨੇਕ ਸੰਤਾਂ ਲਈ ਵਰਤਿਆ ਹੈ।**

ਕਈ ਸੰਤਾਂ, ਸਾਧਾਂ ਦੇ ਰੂਪ ਵਿਚ ਪ੍ਰਭੂ ਵਿਚਰਦਾ ਹੈ। ਮਿਸਾਲ ਦੇ ਤੌਰ ਤੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਸਰੀਰ ਵਿਚ ਹੁੰਦਿਆਂ ਸ੍ਰੀ ਗੁਰੂ ਅੰਗਦ ਦੇਵ ਸਾਹਿਬ, ਸ੍ਰੀ ਗੁਰੂ ਅਮਰਦਾਸ ਸਾਹਿਬ, ਸ੍ਰੀ ਗੁਰੂ ਰਾਮਦਾਸ ਸਾਹਿਬ ਵੀ ਸਰੀਰ ਰੂਪ ਧਾਰ ਚੁਕੇ ਸਨ। ਇਹ ਸਭ 'ਓਅੰ' ਪ੍ਰਭੂ ਦੇ ਹੀ ਸਰਗੁਨ ਸਰੂਪ ਸਨ।

ਅਸਲ ਵਿਚ 'ਓਅੰ' ਪ੍ਰਭੂ ਆਪਣਾ ਸੰਤ ਸਰੂਪ, ਜੀਵ ਦੇ ਪਾਰ ਉਤਾਰੇ ਲਈ, ਆਪਣੇ ਨਾਲ ਜੋੜਨ ਦਾ ਸਾਧਨ ਬਣਾਉਣ ਹਿਤ ਧਾਰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਸਾਹਿਬ ਸੰਤ ਜਨਾਂ ਨੂੰ ਬੇਨਤੀ ਕਰਦੇ ਹਨ ਕਿ ਸਭ ਸੰਤ ਜਨਾਂ ਤੋਂ ਉਨ੍ਹਾਂ ਦੇ ਚਰਨਾਂ ਦੀ ਧੂੜ ਮੰਗਦੇ ਹਨ, ਸੰਤ ਜਨਾਂ ਨੂੰ ਪੁਰਖ ਬਿਧਾਤਾ, ਸਮਰੱਥ ਸੁਖ ਦਾਤੇ, ਮੰਨਦੇ ਹਨ ਅਤੇ ਜੀਵਨ ਪਦ ਦੀ ਪ੍ਰਾਪਤੀ ਲਈ ਜਾਚਨਾ ਕਰਦੇ ਹਨ ਕਿਉਂਕਿ ਸੰਤ ਜਨ ਹੀ ਸਭ ਨੂੰ ਜੀਵਨ-ਪਦ ਦੀ ਪ੍ਰਾਪਤੀ ਕਰਵਾਉਂਦੇ ਹਨ – 'ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬੇਨਤੀ ਮਾਨੁ ਤਿਆਗਉ॥.. ਤੁਮ ਦਾਤੇ ਤੁਮ ਪੁਰਖ ਬਿਧਾਤੇ॥ ਤੁਮ ਸਮਰਥ ਸਦਾ ਸੁਖਦਾਤੇ॥ ਸਭ ਕੋ ਤੁਮ ਹੀ ਤੇ ਵਰਸਾਵੈ ਅਉਸਰੁ ਕਰਹੁ ਹਮਾਰਾ ਪੂਰਾ ਜੀਉ॥', ਪੰਨਾ ੯੯. ਹੋਰ ਬਚਨ ਹਨ ਕਿ ਉਸ ਪ੍ਰਭੂ ਦਾ 'ਓਅੰ' ਦਾ ਸ਼ਾਮਿਆਨਾ, ਭਾਵ, ਪ੍ਰਭੂਸੱਤਾ ਜਾਂ Sovereignty, Authority ਸਰਵਉਚ ਹੈ ਜੋ ਹੋਰ ਕਿਸੇ ਕੋਲ ਨਹੀਂ, ਅਤੇ ਇਹੀ Sovereignty ਉਸ 'ਓਅੰ' ਪ੍ਰਭੂ ਨੇ ਆਪਣੇ ਭਗਤਾਂ ਨੂੰ ਸਉਂਪੀ ਹੈ, ਜੋ ਉਸ ਦਾ ਹੀ ਸਰਗੁਨ ਸਰੂਪ ਹਨ। ਗਿਆਨੀ ਮਨੁਖ, ਪ੍ਰਭੂ ਦੀ ਇਸੇ ਅਦਭੁਤ ਲੀਲਾ ਵਿਚ ਲੀਨ, ਮਸਤ ਹੋ ਕੇ ਉਸ ਦੇ ਰੰਗ ਵਿਚ ਰਹਿੰਦੇ ਹਨ – 'ਊਚ ਸਮਾਨਾ ਠਾਕੁਰ ਤੇਰੋ ਅਵਰ ਨ ਕਾਹੂ ਤਾਨੀ॥ ਐਸੋ ਅਮਰੁ ਮਿਲਿਓ ਭਗਤਨ ਕਉ ਰਾਚਿ ਰਹੇ ਰੰਗਿ ਗਿਆਨੀ॥', ਅੰਕ ੭੧੧. ਹੋਰ ਫ਼ੁਰਮਾਣ ਕਰਦੇ ਹਨ ਕਿ ਪ੍ਰਭੂ ਨਾਲ ਮਿਲਾਪ ਦੇ ਰਸਤੇ ਤੇ ਤੁਰਨ ਲਈ ਸਾਧ ਜਨਾਂ ਦੇ ਚਰਨ ਪਰਸਣੇ ਜ਼ਰੂਰੀ ਹਨ – 'ਚਲੁ ਸਖੀਏ ਪ੍ਰਭੁ ਰਾਵਣ ਜਾਹਾ॥ ਸਾਧ ਜਨਾ ਕੀ ਚਰਣੀ ਪਾਹਾ॥', ਅੰਕ ੭੪੨. ਕਾਰਣ ਇਹ ਕਿ ਸੰਤ ਜਨਾਂ ਜਾਂ 'ਸਾਧ ਸਤਿਗੁਰ' ਦੀ ਕਿਰਪਾ ਨਾਲ ਹੀ 'ਓਅੰ' ਦੇ ਮਿਲਣ ਦਾ ਰਾਹ ਮਿਲਦਾ ਹੈ, ਉਨ੍ਹਾਂ ਕ੍ਰਿਪਾਲੂਆਂ ਦੀ ਕਿਰਪਾ ਨਾਲ ਹਰੀ ਦੇ ਸਿਮਰਨ ਦੀ ਆਦਤ ਪੈਂਦੀ ਹੈ, ਸਿਮਰਨ ਵਿਚ ਮਨ ਗਿਝ ਜਾਂਦਾ ਹੈ – 'ਸੰਤਨ ਮੋ ਕਉ ਹਰਿ ਮਾਰਗ ਪਾਇਆ॥ ਸਾਧ ਕ੍ਰਿਪਾਲਿ ਹਰਿ ਸੰਗਿ ਗਿਝਾਇਆ॥', ਅੰਕ ੧੦੦. ਇਸ ਲਈ, ਹੇ ਮੇਰੇ ਮਨ ! 'ਓਅੰ' ਦੇ ਰੂਪਾਂ, ਭਾਵ, ਸੰਤ ਜਨਾਂ ਨੂੰ ਸਦਾ ਨਮਨ, ਨਮਨ ਕਰਦਾ ਰਹੁ, ਜਿਸ ਨਾਲ ਤੈਨੂੰ ਨੌਂ ਦੇ ਨੌਂ ਖ਼ਜ਼ਾਨਿਆਂ ਅਤੇ ਬੇਅੰਤ ਸੁਖ ਦੀ ਪ੍ਰਾਪਤੀ ਹੋ ਜਾਏਗੀ – 'ਹਰਿ ਸੰਤਨ ਕਰਿ ਨਮੋ ਨਮੋ॥ ਨਉ ਨਿਧਿ ਪਾਵਹਿ ਅਤੁਲੁ ਸੁਖੋ॥', ਪੰਨਾ ੨੪੧

ਅਤੇ ਸੰਤ ਜਨਾਂ ਦੇ ਚਰਨਾਂ ਵਿਚ ਸ਼ਰਣ ਲੈਣ ਅਤੇ ਸਦਾ ਉਨ੍ਹਾਂ ਨੂੰ ਬੰਦਨਾਂ ਕਰ ਕੇ ਲੋਕ ਪਰਲੋਕ ਦੇ ਸਮੂਹ ਸੁਖ ਪ੍ਰਾਪਤ ਹੋ ਜਾਂਦੇ ਹਨ, ਵਿਕਾਰਾਂ ਦੀ ਅਤੇ ਹਰ ਤਰ੍ਹਾਂ ਦੀ ਤਪਸ਼ ਦੂਰ ਹੋ ਜਾਂਦੀ ਹੈ ਅਤੇ ਪ੍ਰੇਮ ਦੀ ਮੂਰਤ ਪ੍ਰਭੂ, 'ਓਅੰ' ਨਾਲ ਮਿਲਾਪ ਪ੍ਰਾਪਤ ਹੋ ਜਾਂਦੇ ਹਨ – 'ਚਰਨਨ ਸਰਨਨ ਸੰਤਨ ਬੰਦਨ॥ ਸੁਖੋ ਸੁਖੁ ਪਾਹੀ॥ ਨਾਨਕ ਤਪਤਿ ਹਰੀ॥ ਮਿਲੇ ਪ੍ਰੇਮ ਪਿਰੀ॥', ਅੰਕ ੪੦੭.

ਭਗਤ ਕਬੀਰ ਜੀ ਭਗਤ ਨਾਮਦੇਵ ਜੀ ਦੇ ਹਵਾਲੇ ਨਾਲ ਬਚਨ ਕਰਦੇ ਹਨ ਕਿ ਸੰਤਾਂ, ਭਗਤਾਂ ਦੀ ਸੰਗਤਿ ਕੀਤੇ ਬਿਨਾਂ ਪ੍ਰਭੂ ਨੂੰ ਢੂੰਢਣ ਦੀ ਕੋਸ਼ਿਸ ਕਰਨਾ ਅੰਨ੍ਹਿਆਂ ਵਾਂਙ ਟਟੋਲੇ ਮਾਰਨਾ ਹੈ (like groping in dark) – 'ਢੂੰਢਤ ਡੋਲਹਿ ਅੰਧ ਗਤਿ ਅਰੁ ਚੀਨਤ ਨਾਹੀ ਸੰਤ॥ ਕਹਿ ਨਾਮਾ ਕਿਉ ਪਾਈਐ ਬਿਨੁ ਭਗਤਹੁ ਭਗਵੰਤੁ॥', ਪੰਨਾ ੧੩੭੬.

ਇਸ ਲਈ ਬੇਨਤੀ ਕਰੀਏ : 'ਸਫਲ ਮੂਰਤਿ ਪਰਸਉ ਸੰਤਨ ਕੀ ਇਹੈ ਧਿਆਨਾ ਧਰਨਾ॥ ਭਇਓ ਕ੍ਰਿਪਾਲ ਠਾਕੁਰੁ ਨਾਨਕ ਕਉ ਪਰਿਓ ਸਾਧ ਕੀ ਸਰਨਾ॥', ਅੰਕ ੫੩੧.